# ਖ਼ੁਲਾਸਾ ਖ਼ਤਬਾ ਜੁਮੱਾ 27.06.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ਹੁੱਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਦਾਵੇ ਤੋਂ ਪਹਿਲਾਂ ਅਤੇ ਬਾਦ ਵਿੱਚ ਵੀ ਕਈ ਵਾਰ ਇਹ ਇਲਹਾਮ ਹੋਇਆ ਕਿ :

ਯਨਸੁਰੁਕਾ ਰਿਜਾਲਨ ਨੂਹੀ ਅਲੈਹਿਮ ਮਿਨਸੱਮਾਇ ( يَنْصُرُكَ رِجَالٌ نُوْحِيْ إِلَيْهِمْ مِنَ السَّمَآءِ ) ਅਰਥਾਤ ਤੇਰੀ ਸਹਾਇਤਾ ਉਹ ਲੋਕ ਕਰਨਗੇ ਜਿਨ੍ਹਾ ਦੇ ਮਨਾਂ ਵਿੱਚ ਅਸੀਂ ਇਲਹਾਮ ਕਰਾਂਗੇ । 1907 ਈ. ਵਿੱਚ ਇਸ ਇਲਹਾਮ ਦੇ ਨਾਲ ਇਹ ਵੀ ਇਲਹਾਮ ਹੋਇਆ ਕਿ ਯਾਤੂਨਾ ਮਿਨ ਕੁੱਲੇ ਫ਼ੱਜਿਨ ਅਮੀਕ ( يَأْتُوْنَ مِنْ كُلِّ فَجٍّ عَمِيْقٍ ) ਕਿ ਉਹ ਦੁਰ ਦੁਰਾਡਿਓਂ ਤੇਰੇ ਕੋਲ ਆਉਂਣਗੇ । ਇਹ ਇਲਹਾਮ ਬਹੁਤ ਮਹਾਨਤਾ ਨਾਲ ਵੱਖ ਵੱਖ ਢੰਗਾ ਦਾਲ ਹੁਣ ਤੱਕ ਪੂਰਾ ਹੁੰਦਾ ਜਾ ਰਿਹਾ ਹੈ । ਵੱਖ ਵੱਖ ਲੋਕ ਵੱਖ ਥਾਵਾਂ ਦੇ ਲੋਕ ਆਪ ਜੀ ਦੇ ਜੀਵਨ ਵਿੱਚ ਆਪ ਕੋਲ ਆਉਂਦੇ ਰਹੇ ਅਤੇ ਫਿਰ ਆਪ ਜੀ ਦੇ ਬਾਦ ਆਪ ਰਾਹੀਂ ਅਰੰਭੇ ਖ਼ਿਲਾਫਤ ਦੇ ਨਿਜ਼ਾਮ ਵਿੱਚ ਸਮੇਂ ਦੇ ਖ਼ਲੀਫ਼ਾ ਕੋਲ ਆਉਂਦੇ ਰਹੇ ਅਤੇ ਆ ਰਹੇ ਹਨ ਜੋ ਸਹਾਇਕ ਬਣਦੇ ਹਨ । ਅਲੱਾਹ ਤਆਲਾ ਨ ਕੇਵਲ ਉਹਨਾਂ ਦੇ ਮਨਾਂ ਨੂੰ ਆਕਰਸ਼ਤ ਕਰਦਾ ਹੈ ਕਿ ਸਹਾਇਕ ਬਨਣ ਸਗੋਂ ਮਦਦ, ਸੇਵਾ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮਿਸ਼ਨ ਨੂੰ ਪੂਰਨ ਕਰਨ ਦੀ ਇਕ ਤੜਪ ਤੇ ਲਗਨ ਉਹਨਾ ਵਿੱਚ ਪੈਦਾ ਹੋ ਜਾਂਦੀ ਹੈ ।

ਹਜ਼ੂਰ ਨੇ ਫ਼ਰਮਾਇਆ ਇਸ ਸਮੇਂ ਮੈਂ ਅਜਿਹੇ ਹੀ ਇਕ ਮੁਖ਼ਲਿਸ ਤੇ ਜਮਾਤ ਲਈ ਫ਼ਿਦਾਈ ਵਿਅਕਤੀ ਸ਼੍ਰੀ ਅਬਦੁਲ ਵਹਾਬ ਆਦਮ ਸਾਹਬ ਦਾ ਵਰਨਣ ਕਾਰਾਂਗਾ ਜੋ ਅਫ਼ਰੀਕਾ ਦੇ ਇਕ ਦੇਸ਼'ਚੋਂ ਉਸ ਸਮੇਂ ਜਮਾਤ ਦੇ ਕੇਂਦਰ ਵਿੱਚ ਗਿਆਨ ਪ੍ਰਾਪਤੀ ਲਈ ਅਤੇ ਖ਼ਿਲਾਫ਼ਤ ਦੇ ਸ਼ਾਹੀ ਸਹਾਇਕ ਬਣਨ ਲਈ ਆਏ । ਇਹ ਨਿਸ਼ਚਾ ਲੈਕੇ ਆਏ ਕਿ ਮੈਂ ਹੁਣ ਇਸ ਕਾਰਜ ਨੂੰ ਆਪਣਿਆਂ ਸਾਰਿਆਂ ਗੁਣਾ ਨਾਲ ਸਿਰੇ ਚੜ੍ਹਾਉਂਣਾ ਹੈ । ਉਸ ਸਮੇਂ ਆਏ ਜੱਦ ਅਜੇ ਰਬਵਾ ਵਸਾਇਆ ਜਾ ਰਿਹਾ ਸੀ ਅਤੇ ਅਫ਼ਰੀਕਾ ਵਿੱਚ ਰਾਬਤੇ ਵੀ ਮਹੀਨਿਆਂ ਪਿੱਛੋਂ ਹੁੰਦੇ ਸਨ । ਇਹ ਸਾਡੇ ਪਿਆਰੇ ਬਜ਼ੁਰਗ ਭਾਈ ਖ਼ਿਲਾਫ਼ਤ ਲਈ ਜਾਨ ਨਿਛਾਵਰ ਕਰਨ ਵਾਲੇ ਸਿਪਾਹੀ ਸਮੇਂ ਦੇ ਖ਼ਲੀਫ਼ਾ ਦੇ ਇਸ਼ਾਰੇ'ਤੇ ਤੁਰਨ ਵਾਲੇ, ਹਰ ਫ਼ੈਸਲੇ ਨੂੰ ਜੋ ਖ਼ਲੀਫ਼ਾ ਵੱਲੋਂ ਆਏ ਉਸ ਨੂੰ ਖਿੜੇ ਮੱਥੇ ਪਰਵਾਨ ਕਰਨ ਵਾਲੇ, ਸਮੇਂ ਦੇ ਖ਼ਲੀਫ਼ਾ ਦੇ ਨਿੱਕੇ ਨਿੱਕੇ ਹੁਕਮਾ ਨੂੰ ਸਗੋਂ ਇੱਛਾਵਾਂ ਦੀ ਪੂਰਤੀ ਲਈ ਬੇਚੈਨ ਰਹਿਣ ਵਾਲੇ ਵਿਅਕਤੀ ਸਨ । ਮੈਂ ਜੱਦ ਉਹਨਾਂ ਨਾਲ ਅੱਠ ਸਾਲ ਤੋਂ ਵੱਧ ਸਮਾਂ ਉਹਨਾਂ ਨਾਲ ਘਾਨਾ ਵਿੱਚ ਕੰਮ ਕੀਤਾ, ਉਸ ਸਮੇਂ ਵੀ ਮੈਂ ਉਹਨਾਂ ਨੂੰ ਅਜਿਹਾ ਹੀ ਦੇਖਿਆ ਜਿਵੇਂ ਕਿ ਮੈਂ ਉਪੱਰ ਵਰਨਣ ਕਰ ਚੁਕਾ ਹਾਂ ਅਤੇ ਖ਼ਿਲਾਫ਼ਤ ਦੇ ਬਾਦ ਮੇਰੇ ਨਾਲ ਵੀ ਅਗਿਆਕਾਰੀ ਤੇ ਵਫ਼ਾਦਾਰੀ ਦੇ ਉਸ ਮਿਆਰ ਵਿੱਚ ਕੋਈ ਅੰਤਰ ਨਹੀਂ ਆਉਣ ਦਿੱਤਾ ।

ਜਿਵੇਂ ਕਿ ਤੁਸੀਂ ਜਾਣਦੇ ਹੋ ਬੀਤੇ ਦਿਨੀ ਵਹਾਬ ਆਦਮ ਸਾਹਬ ਦੀ ਵਫ਼ਾਤ ਹੋਈ ਹੈ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (اناللهواناالیہراجعون) ਇਸ ਜਮਾਤ ਦੇ ਸੇਵਕ ਦਾ ਜਮਾਤ ਦੀ ਸੇਵਾ ਦਾ ਸਮਾਂ ਅੱਧੀ ਸਦੀ ਤੋਂ ਵੱਧ ਸਮੇਂ ਉਪੱਰ ਫੈਲਿਆ ਹੋਇਆ ਹੈ । ਇਹਨਾ ਦੀਆਂ ਸੇਵਾਵਾਂ, ਇਹਨਾਂ ਦਾ ਵਿਅਕਤੀਤਵ, ਕਿਰਦਾਰ ਅਤੇ ਵਫ਼ਾਦਾਰੀ ਦੀਆਂ ਗੱਲਾਂ ਨੂੰ ਸੰਖੇਪ ਜਿਹੇ ਸਮੇਂ ਵਿੱਚ ਵਰਨਣ ਨਹੀਂ ਕੀਤਾ ਜਾ ਸਕਦਾ । ਹਾਂ, ਕੁਝ ਗੱਲਾਂ ਆਪ ਲੋਕਾਂ ਸਾਹਮਣੇ ਰੱਖਦਾ ਹਾਂ ਜਿਹਨਾਂ ਨਾਲ ਉਹਨਾਂ ਦੇ ਵਿਅਤੀਤਵ ਦੇ ਕੁਝ ਪੱਖ ਸਾਹਮਣੇ ਆਉਂਦੇ ਹਨ ।

ਆਪ ਨੂੰ 1952 ਈ. ਵਿੱਚ ਜਾਮਿਆ ਅਹਮਦੀਆ ਰਬੱਵਾ ਵਿੱਚ ਸਿੱਖਿਆ ਪ੍ਰਾਪਤੀ ਲਈ ਭੇਜ ਦਿੱਤਾ ਗਿਆ । 1960 ਈ. ਵਿੱਚ ਆਪ ਨੇ ਜਾਮਿਆ ਅਹਮਦੀਆ ਰਬਵਾ ਤੋਂ ਸ਼ਾਹਿਦ ਦੀ ਡਿਗਰੀ ਪ੍ਰਾਪਤ ਕੀਤੀ । ਵਾਪਸ ਘਾਨਾ ਗਏ ਅਤੇ ਓਥੇ ਆਪ ਦਾ ਵੱਖ ਵੱਖ ਅਸਥਾਨਾ'ਤੇ ਰੀਜਨਲ ਮਿਸ਼ਨਰੀ ਦੇ ਰੂਪ ਵਿੱਚ ਨਿਯੁਕਤੀ ਹੋਈ । 1969 ਈ. ਤੱਕ ਇਸ ਰੀਜਨ ਵਿੱਚ ਜੋ ਪਹਿਲਾ ਰੀਜਨ ਸੀ ਬਰੋਂਗ ਅਹਾਫ਼ੂ (Brong Ahafo) ਆਪ ਨੂੰ ਸੇਵਾ ਦਾ ਅਵਸਰ ਮਿਲਿਆ । ਇਸ ਤੋਂ ਬਾਦ ਸਾਲਟ ਪੋਨ ਘਾਨਾ ਵਿੱਚ ਜਾਮਿਆਤੁਲ ਮੁਬਸ਼ੱਰੀਨ ਦੇ ਪ੍ਰਿੰਸੀਪਲ ਬਣੇ ।

ਇਸ ਤੋਂ ਬਾਦ 1971 ਈ. ਵਿੱਚ ਵਹਾਬ ਸਾਹਬ ਦੀ ਨਿਯੁਕਤੀ ਯੂ.ਕੇ. ਵਿੱਚ ਨਾਇਬ ਇਮਾਮ ਮਸਜਿਦ ਫ਼ਜ਼ਲ ਵੱਜੋਂ ਹੋਈ। ਆਪ ਨੇ 1974 ਈ. ਤੱਕ ਇਹ ਜ਼ਿੰਮੇਵਾਰੀ ਨਿਭਾਈ। 1975 ਈ. ਵਿੱਚ ਆਪ ਨੂੰ ਅਮੀਰ (ਪ੍ਰਧਾਨ) ਵ ਮਿਸ਼ਨਰੀ ਇੰਚਾਰਜ ਘਾਨਾ ਦੇ ਰੂਪ ਵਿੱਚ ਨਿਯੁਕਤ ਕਰ ਦਿਤੱਾ ਗਿਆ ਅਤੇ ਲਗਭਗ 39 ਸਾਲ ਵਫ਼ਾਤ ਤੱਕ ਇਹੋ ਸੇਵਾ ਨਿਭਾਉਂਦੇ ਰਹੇ।

ਜੱਦ ਇਹ ਰਬੱਵੇ ਵਿੱਚ ਸਨ, ਉਸ ਸਮੇਂ ਇਕ ਮੌਕੇ ਘਾਨਾ ਦੇ ਸਫ਼ੀਰ (ਰਾਜਦੂਤ) ਇੱਥੇ ਅਏ। ਉਹਨਾਂ ਨੂੰ ਇਹਨਾ ਨੇ ਦੱਸਿਆ ਕਿ ਰਬੱਵਾ ਕਿਵੇਂ ਵਸਾਇਆ ਗਿਆ ਕਿੰਨ੍ਹੀ ਬੰਜਰ ਧਰਤੀ ਸੀ, ਕਿਵੇਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ। ਇਹ ਸਾਰਾ ਵਿਸਥਾਰ ਇਸ ਢੰਗ ਨਾਲ ਵਰਨਣ ਕੀਤਾ ਕਿ ਉਹ ਸਫ਼ੀਰ ਸਾਹਬ ਆਖਣ ਲੱਗੇ ਕਿ ਜੇਕਰ ਕੋਈ ਮਨੁੱਖ ਰੱਬ ਉਪੱਰ ਭਰੋਸਾ ਨ ਰੱਖਦਾ ਹੋਵੇ ਤਾਂ ਉਸ ਨੂੰ ਰੱਬ ਦੀ ਹਕੀਕਤ ਉਪੱਰ ਈਮਾਨ ਨ ਹੋਵੇ ਤਾਂ ਉਹ ਇਹ ਗੱਲਾਂ ਸੁਣ ਕੇ ਅਵਸ਼ ਹੀ ਰੱਬ ਦੀ ਹਸਤੀ ਉਪੱਰ ਈਮਾਨ ਲੈ ਆਵੇਗਾ ਕਿ ਕਿਵੇਂ ਰਬੱਵਾ ਵਸਾਇਆ ਗਿਆ। ਕੋਈ ਵੀ ਮੌਕਾ ਪ੍ਰਚਾਰ ਦਾ ਹੱਥੋਂ ਜਾਣ ਨਹੀਂ ਦਿੰਦੇ ਸਨ।

ਕੁਝ ਹੋਰ ਸੁਅਵਸਰ ਜੋ ਉਹਨਾਂ ਦੇ ਹੱਥ ਲੱਗੇ, ਉਹਨਾਂ ਵਿੱਚ ਸਭ ਤੋਂ ਪਹਿਲੇ ਅਫਰੀਕਨ ਕੇਂਦਰੀ ਮਿਸ਼ਨਰੀ ਵਹਾਬ ਸਾਹਬ ਸਨ। ਸਭ ਤੋਂ ਪਹਿਲੇ ਘਾਨੀਯਨ ਅਮੀਰ ਤੇ ਮਿਸ਼ਨਰੀ ਇੰਚਾਰਜ ਇਹ ਸਨ। ਸਭ ਤੋਂ ਪਹਿਲੇ ਅਫ਼ਰੀਕਨ ਅਹਮਦੀ ਜਿੰਨ੍ਹਾ ਨੂੰ ਖ਼ਲੀਫ਼ਤੁਲ ਮਸੀਹ ਦੀ ਨੁਮਾਇੰਦਗੀ ਵਿੱਚ ਸਥਾਨਕ ਅਮੀਰ ਰਬੱਵਾ ਬਨਣ ਦਾ ਸੁਅਵਸਰ ਪ੍ਰਾਪਤ ਹੋਇਆ ਉਹ ਇਹ ਸਨ। ਸਭ ਤੋਂ ਪਹਿਲੇ ਅਫ਼ਰੀਕਨ ਕੇਂਦਰੀ ਮਿਸ਼ਨਰੀ ਜਿੰਨ੍ਹਾ ਨੂੰ ਯੂਰੋਪ ਵਿੱਚ ਸੇਵਾ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ, ਉਹ ਇਹ ਸਨ। ਫਿਰ ਸਭ ਤੋਂ ਪਹਿਲੇ ਅਫ਼ਰੀਕਨ ਜਿੰਨ੍ਹਾ ਨੂੰ 'ਮਜਲਿਸੇ ਇਫ਼ਤਾਅ' ਦੇ ਸਨਮਾਨਤ ਮੈਂਬਰ ਬਣਨ ਦਾ ਸੁਅਵਸਰ ਪ੍ਰਾਪਤ ਹੋਇਆ, ਉਹ ਵਹਾਬ ਸਾਹਬ ਸਨ। ਇਹਨਾ ਨੂੰ ਕੇਂਦਰੀ ਨੁਮਾਇੰਦਗੀ ਵਿੱਚ ਵੱਖ ਵੱਖ ਦੇਸ਼ਾਂ ਜਿਵੇਂ ਕੈਨੇਡਾ, ਜਰਮਨੀ, ਬੈਨਿਨ, ਮਾਲੀ, ਆਇਵਰੀਕਾਸਟ, ਨਾਈਜੀਰੀਆ, ਬੁਰਕੀਨਾ ਫਾਸੋ, ਸੀਰਾਲੀਉਨ ਅਤੇ ਜਮੀਕਾ ਆਦਿ ਦੇ ਦੌਰੇ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ। ਇਹਨਾ ਨੂੰ ਇਸਲਾਮ, ਰੰਗ ਤੇ ਨਸਲ ਵਿੱਚ ਭਿੰਨਤਾ ਅਤੇ ਇਸਲਾਮ ਤੇ ਈਸਾਈਅਤ ਬਾਰੇ ਰੀਸਰਚ ਤੇ ਲੇਖ ਲਿਖੱਣ ਦਾ ਮੌਕਾ ਪ੍ਰਾਪਤ ਹੋਇਆ। ਆਪਣੀ ਮਾਤਾ ਦੇ ਨਾਂ'ਤੇ ਇਕ ਫ਼ਾਉਂਡੇਸ਼ਨ ਵੀ ਜਾਰੀ ਕੀਤਾ ਹੈ ਜੋ ਲੋੜਵੰਦਾ ਦੀ ਸਹਾਇਤਾ ਕਰਦਾ ਹੈ। ਜਮਾਤ ਅਹਮਦੀਆ ਘਾਨਾ ਨੇ ਇਹਨਾਂ ਦੇ ਕਾਲ ਵਿੱਚ ਅਲੱਾਹ ਦੀ ਮਿਹਰ ਨਾਲ ਬਹੁਤ ਤਰੱਕ ਕੀਤੀ ਹੈ। ਅਲੱਾਹ ਦੀ ਕ੍ਰਿਪਾ ਨਾਲ ਕੁਝ ਸਕੂਲ ਤਾਂ ਪਹਿਲਾਂ ਸਨ ਕੁਝ ਹੋਰ ਖੁੱਲੇ, ਕੁਝ ਨਵੇਂ ਸਿਰਿਓਂ ਇਸਟੈਬਲਿਸ਼ ਹੋਏ ਉਹਨਾਂ ਵਿੱਚ ਵਧੇਰੇ ਪ੍ਰਗਤੀ ਹੋਈ। ਜਮਾਤ ਅਹਮਦੀਆ ਦੇ ਚਾਰ ਸੌ ਤੋਂ ਵੱਧ ਸਕੂਲ ਹਨ। ਇਸ ਤੋਂ ਬਿਨਾਂ ਟੀਚਰ ਟ੍ਰੇਨਿੰਗ ਕਾਲਜ, ਜਾਮਿਆਤੁਲ ਮੁਬਸ਼ੱਰੀਨ, ਜਾਮਿਆ ਅਹਮਦੀਆ ਇੰਟਰਨੈਸ਼ਨਲ ਆਦਿ ਇਹ ਪ੍ਰਮੁੱਖ ਹਨ। ਇਸੇ ਪ੍ਰਕਾਰ ਸੱਤ ਵੱਡੇ ਹਸਪਤਾਲ ਹਨ, ਦੋ ਹੋਮਿਓਪੈਥਿਕ ਕਲੀਨਿਕ ਹਨ, ਜੋ ਘਾਨਾ ਵਿੱਚ ਸੇਵਾ ਕਰ ਰਹੇ ਹਨ। ਇਸ ਤੇ ਬਿਨਾ ਪਬਲਿਕ ਸੇਵਾ ਦੇ ਕੰਮ ਜਾਰੀ ਹਨ। ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਵਿੱਚ ਜਮਾਤ ਨੂੰ ਅਸਾਧਾਰਨ ਸਥਾਨ ਪ੍ਰਾਪਤ ਹੈ। ਘਾਨਾ ਦੇ ਦੋ ਪ੍ਰਸਿਧ ਸਾਹ ਮਾਰਗ ਹਨ ਉਹਨਾਂ'ਤੇ ਬਹੁਤ ਜਤਨਾ ਰਾਹੀਂ ਹਜ਼ਰਤ ਮਸੀਹ ਮਉਦ ਅਲੈਹਿ ਸਲਾਮ ਦੀਆਂ ਵੱਡੀਆਂ ਤਸਵੀਰਾਂ ਲਗਵਾਈਆਂ ਹਨ। ਹਰ ਆਉਣ ਜਾਣ ਵਾਲਾ ਉਹਨਾਂ ਨੂੰ ਦੇਖਦਾ ਹੈ, ਉਸ ਦੇ ਹੇਠਾਂ ਲਿੱਖਿਆ ਹੋਇਆ ਹੈ, ਜਿਸ ਮਸੀਹ ਦੇ ਆਉਣ ਦੀ ਉਡੀਕ ਸੀ ਉਹ ਆਗਿਆ ਅਤੇ ਉਹ ਇਹ ਹਨ। ਇਸ ਪ੍ਰਕਾਰ ਇਹ ਖੁੱਲਕੇ ਓਥੇ ਪ੍ਰਚਾਰ ਕਰ ਰਹੇ ਹਨ।

ਉਹਨਾਂ ਨੂੰ ਜੋ ਸੰਸਾਰਕ ਸਨਮਾਨ ਮਿਲੇ ਉਹ ਇਹ ਹਨ ਕਿ ਕੋਰੀਆ ਵਿੱਚ ਇੰਟਰ ਰਿਲੀਜੀਅਸ (Inter Religiuos)ਅਤੇ ਇੰਟਰਨੈਸ਼ਨਲ ਫ਼ੈਡਰੇਸ਼ਨ ਫ਼ਾਰ ਵਰਲਡ ਪੀਸ ਅਮਰੀਕਾ ਵੱਲੋਂ ਅਮਨ ਲਈ ਬਿਨਾ ਕਿਸੇ ਮੋਹ ਮਾਇਆ ਦੇ ਚੰਗੀਆਂ ਸੇਵਾਵਾਂ ਕਰਕੇ ਅੰਬੈਸਡਰ ਫ਼ਾਰ ਪੀਸ (Ambassador for Peace) ਦਾ ਸਨਮਾਨ ਦਿੱਤਾ ਗਿਆ। ਇਸੇ ਪ੍ਰਕਾਰ ਗੌਵਰਮੈਂਟ ਆਫ਼ ਘਾਨਾ ਵੱਲੋਂ ਅਮੀਰ ਸਾਹਬ ਘਾਨਾ ਨੂੰ ਉਹਨਾਂ ਦੀ ਸਿੱਖਿਆ ਵਿਭਾਗ, ਸਿਹਤ ਵਿਭਾਗ, ਖੇਤੀ ਵਿਭਾਗ ਤੇ ਦੇਸ਼ ਦੇ ਅਮਨ ਤੇ ਪੱਕਿਆਈ ਵਿੱਚ ਚੰਗੇ ਰੋਲ ਕਰਕੇ ਵਿਸ਼ੇਸ਼ ਸਨਮਾਨ ਕੰਮਪੈਨੀਯਨ ਆਫ਼ ਦ ਆਰਡਰ ਆਫ਼ ਦ ਵੋਲਟਾ (Companion of the Order of the Volta) ਨਾਲ ਸਨਮਾਨਤ ਕੀਤਾ ਗਿਆ।

ਫਿਰ 10 ਨਵੰਬਰ 2007 ਈ. ਨੂੰ ਆਪ ਦੀ ਯੋਗਤਾ ਦੇ ਪੱਖ ਵਿੱਚ ਇਕ ਵੱਡੀ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਕੈਪਕੋਸਟ ਨੇ ਪੀ. ਐਚ. ਡੀ. ਦੀ ਸਨਮਾਨਤ ਡਿਗਰੀ ਨਾਲ ਆਪ ਨੂੰ ਸਨਮਾਨਤ ਕੀਤਾ । ਇਹ ਹਨ ਇਹਨਾਂ ਦੀ ਨੇਕ ਨੀਤੀ ਨਾਲ ਕੀਤੇ ਗਏ ਵਕਫ਼ ਦੀਆਂ ਬਰਕਤਾਂ ਕਿ ਦੀਨ (ਧਰਮ) ਦੀ ਸੇਵਾ ਦੇ ਨਾਲ ਨਾਲ ਅਲੱਾਹ ਤਆਲਾ ਨੇ ਓਹਨਾਂ ਨੂੰ ਸੰਸਾਰਕ ਸਨਮਾਨ ਨਾਲ ਵੀ ਨਿਵਾਜਿਆ । ਜੇਕਰ ਵਕਫ਼ ਨ ਹੁੰਦੇ ਤਾਂ ਪਤਾ ਨਹੀਂ ਕੋਈਹੋਰ ਕੰਮ ਕਰ ਰਹੇ ਹੁੰਦੇ, ਕਿਨੇ ਨੂੰ ਪਤਾ ਵੀ ਨਹੀਂ ਹੋਣਾ ਸੀ ਕਿ ਵਹਾਬ ਸਾਹਬ ਕੌਣ ਹਨ । ਫਿਰ ਇੰਟਰਨੈਸ਼ਨਲ ਪਧੱਰ'ਤੇ ਉਹਨਾਂ ਦੀਆਂ ਜ਼ਿੰਮੇਦਾਰੀਆਂ ਹੇਠਾਂ ਦਰਜ ਹਨ ।

ਸੈਂਟਰ ਫਾਰ ਡੈਮੋਕ੍ਰੇਟਿਕ ਡਿਵੈਲਪਮੈਂਟ ਘਾਨਾ (Center for Democratic Development (CDD),Ghana) ਦੇ ਮੈਂਬਰ ਸਨ । ਘਾਨਾ ਇਨਟੈਗਰਿਟੀ ਇੰਸ਼ਿਏਟਿਵ (Ghana Integrity Initiative) ਦੇ ਵਾਇਸ ਚੇਅਰਮੈਨ ਸਨ । ਨੈਸ਼ਨਲ ਪੀਸ ਕੌਂਸਲ (National Peace Council) ਦੇ ਮੈਂਬਰ ਸਨ ਅਤੇ ਇਸ ਵਿੱਚ ਵੱਡਾ ਕਿਰਦਾਰ ਨਿਭਾਇਆ । ਉੱਥੋਂ ਦੀਆਂ ਸਿਆਸੀ ਹੁਕੂਮਤਾਂ ਨੂੰ ਆਪੋ ਵਿੱਚ ਅਮਨ ਜਾਰੀ ਰਖੱਣ ਦੇ, ਕੋ ਫ਼ਾਉਂਡਰ (Co-Founder) ਐਂਡ ਨੈਸ਼ਨਲ ਪ੍ਰੈਜ਼ੀਡੈਂਟ ਫ਼ਾਰ ਕੌਂਸਲ ਆਫ਼ ਰਿਲੀਜੰਜ਼ ਸਨ । ਇਸ ਵਿੱਚ ਵੱਖ ਵੱਖ ਧਰਮਾ ਦੇ ਲੋਕਾਂ ਦੀ ਨੁਮਾਇੰਦਗੀ ਸੀ । ਨੈਸ਼ਨਲ ਰੀਕੋਂਸੀਲੇਸ਼ਨ (Reconciliation) ਕਮੀਸ਼ਨ ਦੇ ਮੈਂਬਰ ਰਹਿ ਚੁਕੇ ਸਨ ।

ਏਸੀ ਬੇਕੋ ਆਰਥਰ ਦੇਸ਼ ਦੇ ਉਪ ਪ੍ਰਧਾਨ ਇਕ ਕਹਿੰਦੇ ਹਨ ਕਿ ਉਹ ਸਾਡੀ ਕੌਮ ਦਾ ਇਕ ਮਹਾਨ ਮਾਰਗਦਰਸ਼ਕ ਸੀ । ਘਾਨਾ ਦੀ ਹਕੂਮਤ ਇਸ ਮਹਾਨ ਰਹਿਨੁਮਾ ਦੇ ਦੇਹਾਂਤ ਉਪੱਰ ਘਰ-ਪਰਿਵਾਰ ਤੇ ਅਹਮਦੀਆ ਮੁਸਲਿਮ ਜਮਾਤ ਦੇ ਦੁੱਖ ਨਾਲ ਬਰਾਬਰ ਦੀ ਭਾਗੀਦਾਰ ਹੈ । ਸਾਡੇ ਵਿੱਚੋਂ ਅਨੇਕਾਂ ਹੀ ਮੌਲਵੀ ਵਹਾਬ ਆਦਮ ਸਾਹਬ ਨੂੰ ਉਹਨਾਂ ਦੀ ਦੇਸ਼ ਵਿੱਚ ਅਮਨ ਦਾ ਵਾਤਾਵਰਣ ਪੈਦਾ ਕਰਨ ਦੇ ਜਤਨਾ ਲਈ ਸਦਾ ਯਾਦ ਰਖੱਣ ਗੇ । ਇਸੇ ਪ੍ਰਕਾਰ ਉਹਨਾਂ ਦੀ ਅਤੇ ਅਹਮਦੀਆ ਮੁਸਲਿਮ ਮਿਸ਼ਨ ਦੀ ਜਿਸ ਦੀ ਉਹਨਾਂ ਨੇ ਕਈ ਸਾਲ ਵਾਗਡੋਰ ਸੰਭਾਲੀ ਹੈ ਸਿੱਖਿਆ ਦੀ ਪ੍ਰਗਤੀ ਲਈ ਕੀਤੇ ਗਏ ਜਤਨਾਂ ਨੂੰ ਵੀ ਓਹਲੇ ਨਹੀਂ ਕਰ ਸਕਾਂਗੇ । ਸਕਾਲਰ ਅਤੇ ਧਾਰਮਕ ਰਹਿਨੁਮਾ ਨੂੰ ਦੁਖੀ ਹਿਰਦੇ ਨਾਲ ਅਲਵਿਦਾ ਕਹਿੰਦੇ ਹੋਏ ਦੁਆ ਦੇ ਜਾਚਕ ਹਨ ਕਿ ਜਿਸ ਅਮਨ ਦੀ ਸਥਾਪਨਾ ਲਈ ਉਹਨਾਂ ਨੇ ਜਤਨ ਕੀਤੇ ਉਹ ਸਾਡੇ ਦੇਸ਼ ਵਿੱਚ ਬਣੇ ਰਹਿਣ ।

ਇਸੇ ਪ੍ਰਕਾਰ ਘਾਨਾ ਦੇ ਸਾਬਕਾ ਪ੍ਰਧਾਨ ਜਾਨ ਅਜੀਕਮ ਕੁਫ਼ੋਰ (John Agyekum Kufour) ਸਾਹਬ ਕਹਿੰਦੇ ਹਨ । ਇਕ ਬਹੁਤ ਵੱਡੇ ਧਾਰਮਕ ਅਤੇ ਕੌਮੀ ਰਹਿਨੁਮਾ ਸਨ । ਫਿਰ ਡਾਕਟਰ ਮੁਸਤਫ਼ਾ ਅਹਮਦ ਜੋ ਮੈਂਬਰ ਆਫ਼ ਪਾਰਲੀਮੈਂਟ ਅਤੇ ਮਨਿਸਟਰ ਆਫ਼ ਸਟੇਟ ਵੀ ਹਨ । ਉਹ ਕਹਿੰਦੇ ਹਨ ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (ਮੁਸਲਮਾਨ ਹਨ ਇਹ) ਘਾਨਾ ਨੇ ਆਪਣਾ ਇਕ ਮਾਣਯੋਗ ਪੁਤੱਰ ਗਵਾ ਦਿੱਤਾ । ਉਹਨਾਂ ਨੇ ਅਮਨ ਦੇ ਸਥਾਪਨਾ ਲਈ ਜੋ ਪੱਗ ਚੁੱਕੇ ਹਨ ਉਸ ਨਾਲ ਕੌਮ ਸਦਾ ਹੀ ਲਾਭ ਉਠਾਉਂਦੀ ਰਹੇਗੀ ਅਤੇ ਅਸੀਂ ਆਪ ਨੂੰ ਸਦਾ ਸਾਡੀ ਕੌਮ ਦੀ ਪ੍ਰਗਤੀ ਤੇ ਸਫ਼ਲਤਾਵਾਂ ਵਿੱਚ ਅਥਾਹ ਸੇਵਾਵਾਂ ਕਰਕੇ ਚੇਤੇ ਰਖੱਾਂਗੇ । ਅਲੱਾਹ ਤਆਲਾ ਆਪ ਨੂੰ 'ਜਨੱਾਤੁਲ ਫਿਰਦੌਸ' ਵਿੱਚ ਅਸਥਾਨ ਬਖ਼ਸ਼ੇ ।

ਚਾਰਲਸ ਜੀ ਪਾਲਮਰ ਬਕਲੇ (Charles G. Buckle) ਜੋ ਕੈਥੋਲਿਕ ਆਰਚ ਬਿਸ਼ਪ ਆਫ਼ ਅਕਰਾ ਹਨ ਕਹਿੰਦੇ ਹਨ ਕਿ ਮਾਨਵ ਸੇਵਾ ਦੇ ਅਣਥਕ ਅਲੰਬਰਦਾਰ ਸਨ । ਅਮਨ ਦਾ ਸੰਦੇਸ਼ਵਾਹਕ ਬਣਕੇ ਖ਼ੁਦਾ ਦਾ ਪਿਆਰ ਵੰਡਦੇ ਰਹੇ । ਜਿੰਨ੍ਹਾ ਉੱਚ ਦ੍ਰਿਸ਼ਟੀਕੋਣਾ ਉਪੱਰ ਉਹ ਕਾਇਮ ਸਨ ਅਤੇ ਜਿੰਨ੍ਹਾ ਲਈ ਉਹਨਾ ਨੇ ਕੰਮ ਕੀਤਾ ਉਹਨਾਂ ਨੂੰ ਸਦੈਵ ਜੀਉਂਦਾ ਰੱਖਿਆ ਜਾਵੇਗਾ ।

ਫਿਰ ਰੇਵਰੰਡ ਪ੍ਰੋਫ਼ੈਸਰ ਇਮੈਨੁਅਲ ਅਸਾਂਟੇ (Most Rev. Emmanuel Asante) ਜੋ ਕਿ ਮੈਥੋਡਿਸਟ (Methodist) ਦੇ ਸਦਰ ਬਿਸ਼ਪ ਹਨ ਅਤੇ ਨੈਸ਼ਨਲ ਪੀਸ ਕਾਂਨਫ੍ਰੈਂਸ ਦੇ ਚੇਅਰਮੈਨ ਹਨ । ਉਹਨਾਂ ਨੇ ਲਿੱਖਿਆ ਕਿ ਇਕ ਅਮਨ ਪਸੰਦ ਵਤਨ ਦਾ ਪ੍ਰੇਮੀ ਅਤੇ ਏਕਤਾ ਲਈ ਜਤਨ ਕਰਨ ਵਾਲਾ ਅਚਾਨਕ ਰੱਬ ਵੱਲ ਚਲਾ ਗਿਆ । ਨੈਸ਼ਨਲ ਪੀਸ ਕਾਂਨਫ੍ਰੈਂਸ ਹਮੇਸ਼ਾ ਆਪ ਦੇ ਉਹਨਾਂ ਉਸੂਲਾਂ ਨੂੰ ਕਾਇਮ ਰੱਖੇਗੀ ਜੋ ਉਹਨਾਂ ਨੇ ਅਮਨ ਦੀ ਸਥਾਪਨਾ ਲਈ ਅਪਣਾਏ । ਵਿਦੇਸ਼ ਮੰਤਰੀ ਦੇ ਨੁਮਾਇੰਦੇ ਹਾਜੀ ਮੁਹੱਮਦ ਗਾਡ ਸਾਹਬ ਜੋ ਕਿ ਗਵਰਨਿੰਗ ਕੌਸਲ ਅਤੇ ਘਾਨਾ ਦੀ ਧਾਰਮਕ ਕੌਂਸਲ ਫ਼ਾਰ ਪੀਸ ਦੇ ਵਾਈਸ ਚੇਅਰਮੈਨ ਹਨ ਕਹਿੰਦੇ ਹਨ :

ਅਸੀਂ ਮੁਸਲਿਮ ਕੰਮਿਯੂਨਿਟੀ ਘਾਨਾ ਦਾ ਇਕ ਵੱਡਾ ਸਤੰਭ ਖੁੰਝਾ ਦਿੱਤਾ ਹੈ । ਦੂਜੀ ਦੁਨੀਆਂ ਵਿੱਚ ਤਾਂ ਅਹਮਦੀ, ਮੁਸਲਮਾਨ ਨਹੀਂ ਹਨ ਪਰ ਇੱਥੇ ਜੋ ਮੁਸਲਮਾਨਾਂ ਦੀਆਂ ਜੋ ਤੰਜ਼ੀਮਾ ਹਨ ਕਹਿ ਰਹੀਆਂ ਹਨ ਕਿ ਅਸੀਂ ਮੁਸਲਿਮ ਕੰਮਿਯੂਨਿਟੀ ਘਾਨਾ ਦਾ ਇਕ ਸਤੰਭ ਗਵਾ ਦਿੱਤਾ ਹੈ । ਉਹਨਾਂ ਨੇ ਵੱਖ ਵੱਖ ਧਰਮਾਂ ਵਿੱਚਕਾਰ ਰਾਬਤੇ ਅਤੇ ਸੰਬੰਧ ਠੀਕ ਕੀਤੇ । ਮੌਲਵੀ ਵਹਾਬ ਆਦਮ ਅਤਿਅੰਤ ਮਹਾਨ ਅਤੇ ਏਕਤਾ ਕਾਇਮ ਕਰਨ ਵਾਲੇ ਰਹਿਨੁਮਾ ਸਨ ਜਿੰਨ੍ਹਾ ਨੇ ਆਪਣੇ ਜੀਵਨ ਦਾ ਬਹੁਤਾ ਭਾਗ ਮਾਨਵ ਸੇਵਾ ਵਿੱਚ ਲੰਘਾ ਦਿੱਤਾ ਅਤੇ ਆਪਸੀ ਸੰਬੰਧਾਂ ਨੂੰ ਪਧੱਰਾ ਕੀਤਾ ।

ਉਹਨਾਂ ਦੇ ਪੁਤੱਰ ਹਸਨ ਵਹਾਬ ਕਹਿੰਦੇ ਹਨ ਕਿ ਪਿਤਾ ਜੀ ਅਹਮਦੀਆ ਖ਼ਿਲਾਫ਼ਤ ਦੇ ਹਕੀਕੀ ਵਫ਼ਦਾਰ ਸਨ । ਹਰ ਕੰਮ ਲਈ ਸਮੇਂ ਦੇ ਖ਼ਲੀਫ਼ਾ ਰਾਹੀਂ ਜ਼ਰੂਰੀ ਰਹਿਨੁਮਾਈ ਲਿਆ ਕਰਦੇ ਸਨ । ਕਈ ਵਾਰ ਨਿੱਕੀਆਂ ਨਿੱਕੀਆਂ ਗੱਲਾਂ ਵੀ ਰਹਿਨੁਮਾਈ ਲਈ ਖ਼ਲੀਫ਼ਾ ਸਾਹਬ ਪਾਸ ਲਿਖੱਦੇ । ਉਧਾਰਣ ਲਈ ਆਪਣੇ ਦੇਹਾਂਤ ਤੋਂ ਇਹ ਹਫ਼ਤਾ ਪਹਿਲਾਂ ਜੱਦ ਕਿ ਰੋਗ ਕਰਕੇ ਕਮਜ਼ੋਰ ਹੋ ਗਏ ਤਾਂ ਡਾਕਟਰ ਸਾਹਬ ਨੇ ਹਸਪਤਾਲ ਜਾਣ ਲਈ ਕਿਹਾ, ਇਸ'ਤੇ ਉਹਨਾਂ ਨੇ ਡਾਕਟਰਰ ਸਾਹਬ ਨੂੰ ਉਤੱਰ ਦਿੱਤਾ ਕਿ ਪਹਿਲਾਂ ਖ਼ਲੀਫ਼ਾ ਸਾਹਬ ਦੀ ਸੇਵਾ ਵਿੱਚ ਲਿੱਖ ਕੇ ਆਗਿਆ ਲੈ ਲਓ ਫਿਰ ਜਾਵਾਂਗਾ ।

ਬਸ਼ਾਰਤ ਬਸ਼ੀਰ ਸਾਹਬ ਦੀ ਪਤਨੀ ਸਾਹਿਬਾ ਲਿੱਖਦੀ ਹਨ ਕਿ ਵਹਾਬ ਸਾਹਬ ਨੇ ਜੱਦ ਸਿੱਖਿਆ ਪੂਰੀ ਕੀਤੀ ਅਤੇ ਅਲੱਾਹ ਦੀ ਅਪਾਰ ਕ੍ਰਿਪਾ ਨਾਲ ਸਫ਼ਲ ਪ੍ਰਕਚਾਰਕ ਬਣੇ । ਵਹਾਬ ਸਾਹਬ ਦੇ ਸੁਭਾਵ ਵਿੱਚ ਅਰੰਭ ਤੋਂ ਹੀ ਬਹੁਤ ਨਿਮਰਤਾ ਸੀ । 1954 ਈ. ਵਿੱਚ ਮੇਰੀ ਸ਼ਾਦੀ ਹੋਈ ਤਾਂ ਮੈਂ ਦੇਖਿਆ ਕਿ ਵਹਾਬ ਸਾਹਬ ਸਾਡੇ ਘਰ ਆਉਂਦੇ ਅਤੇ ਮੈਂਨੂੰ ਕਹਿੰਦੇ ਮੌਲਾਨਾ ਦੇ ਬੂਟ ਦੇ ਦਿਓ ਅਰਥਾਤ ਬਸ਼ਾਰਤ ਬਸ਼ੀਰ ਸਾਹਬ ਦੇ ਬੂਟ ਦੇ ਦਿਓ ਮੈਂ ਉਹਨਾਂ ਨੂੰ ਪਾਲਸ਼ ਕਰਨੀ ਹੈ । ਮੈਂ ਬਹੁਤ ਘਬਰਾ ਜਾਂਦੀ ਕਿ ਮੁਬਲੱਗ਼ (ਪ੍ਰਚਾਰਕ) ਬਣਨ ਵਾਲੇ ਬੱਚੇ ਤੋਂ ਇਹ ਕੰਮ ਲਿਆਂ ? ਪਰ ਉਹਨਾਂ ਦਾ ਹੱਠ ਹੁੰਦਾ ਸੀ ਇਸ ਲਈ ਕਿ ਜੋ ਉਪਕਾਰ ਉਹਨਾਂ ਨੇ ਮੈਂਨੂੰ ਰਬੱਵਾ ਲਿਆਕੇ ਕੀਤਾ ਹੈ ਉਸਨੂੰ ਹਰ ਹਾਲਤ ਵਿੱਚ ਪੂਰਾ ਕਰਨਾ ਹੈ ਉਂਝ ਵੀ ਉਸਤਾਦ ਦਾ ਸਨਮਾਨ ਉਹਨਾਂ ਦੇ ਮਨ ਵਿੱਚ ਸੀ । ਇਸੇ ਪ੍ਰਕਾਰ ਉਹਨਾਂ ਨੇ ਬਸ਼ਾਰਤ ਬਸ਼ੀਰ ਸਾਹਬ ਦੇ ਦੇਹਾਂਤ ਉਪੱਰ ਇਕ ਵੱਡਾ ਲੇਖ ਲਿੱਖਿਆ ਅਤੇ ਜੱਦ ਓਹਨਾਂ ਨੇ ਇਸ ਦਾ ਵਰਨਣ ਕੀਤਾ ਤਾਂ ਇਸ ਤੋਂ ਬਹੁਤ ਖ਼ੁਸ਼ ਵੀ ਹੋਏ ।

ਫਿਰ ਇਕ ਬੁਰਕੀਨਾ ਫ਼ਾਸੋ ਦੀ ਜਮਾਤ ਉਹਨਾਂ ਰਾਹੀਂ ਹੀ ਸਥਾਪਤ ਹੋਈ । ਖ਼ਿਲਾਫ਼ਤ ਜੋਬਲੀ ਦੇ ਜਲਸੇ'ਤੇ ਬੁਰਕੀਨਾ ਫ਼ਾਸੋ ਤੋਂ ਸਾਈਕਲਾਂ ਉਪੱਰ ਜੱਥਾ ਚਲਿਆ ਤਾਂ ਉਹਨਾਂ ਨੂੰ ਸੰਦੇਸ਼ ਭਿਜਵਾਇਆ ਕਿ ਉਹਨਾਂ ਨੂੰ ਟਮਬਾਲੇ ਵਿੱਚ ਮੈਂ ਆਪ ਆਣ ਕੇ ਸਵਾਗਤ ਕਰਾਂਗਾ ਅਤੇ ਕੰਮ ਦੇ ਰੁਝੇਵੇਂ ਹੁੰਦਿਆਂ ਹੋਇਆਂ ਵੀ ਇਹ ਦੋ ਤਿੰਨ ਸੌ ਮੀਲ ਦੀ ਜਾਤਰਾ ਕਰਕੇ ਓਥੇ ਗਏ ਅਤੇ ਉਹਨਾਂ ਦਾ ਬਾਰਡਰ ਉਪੱਰ ਨਿੱਘਾ ਸਵਾਗਤ ਕੀਤਾ ।

ਇਕ ਰਸ਼ੀਅਨ ਮਿੱਤਰ ਕਾਨਾਤ ਬੇਗ ਸਾਹਬ ਲਿੱਖਦੇ ਹਨ ਕਿ 2008 ਈ. ਵਿੱਚ ਮੈਨੂੰ ਘਾਨਾ ਦੇ ਜਲਸਾ ਸਾਲਾਨਾ ਵਿੱਚ ਭਾਗ ਲੈਣ ਦੇ ਸੁਅਵਸਰ ਪ੍ਰਾਪਤ ਹੋਇਆ । ਮੈਂਨੂੰ ਅਮੀਰ ਸਾਹਬ ਵੱਲੋਂ ਉਹਨਾਂ ਦੇ ਘਰ ਦਾਅਵਤ ਦਿੱਤੀ ਗਈ । ਆਪਣੇ ਰਿਵਾਇਤੀ ਵਸਤਰਾਂ ਵਿੱਚ ਮੈਂਨੂੰ ਮਿਲੇ, ਗਲੇ ਲਾਇਆ ਅਤੇ ਇਸ ਢੰਗ ਨਾਲ ਮਿਲੇ ਕਿ ਮੇਰੀ ਸਫ਼ਰ ਦੀ ਪੰਜ ਦਿਨਾਂ ਦੀ ਥਕਾਵਵਟ ਉਕੱਾ ਹੀ ਦੂਰ ਹੋ ਗਈ । ਅਤੇ ਕਹਿੰਦੇ ਹਨ ਕਿ ਅਜੇ ਵੀ ਜੱਦ ਮੈਂ ਖ਼ਿਆਲਾਂ ਵਿੱਚ ਦੇਖਦਾ ਹਾਂ ਤਾਂ ਉਹਨਾਂ ਦੇ ਹੱਥਾਂ ਦੀ ਗਰਮੀ ਅਨੁਭਵ ਕਰਦਾ ਹਾਂ । ਮੈਂਨੂੰ ਆਪ ਦੀ ਇਹ ਅਦਾ ਵੀ ਬਹੁਤ ਪਸੰਦ ਆਈ ਕਿ ਆਪ ਦੇ ਨਾਲ ਦੇਸ਼ ਦੇ ਪ੍ਰਧਾਨ ਕੁਰਸੀ ਉਪੱਰ ਬੈਠੇ ਹੋਏ ਸਨ ਤਾਂ ਆਪ ਨੇ ਜੋ ਸਨਮਾਨ ਦੇਸ਼ ਦੇ ਪ੍ਰਧਾਨ ਨੂੰ ਦਿੱਤਾ ਉਹੋ ਡਿਊਟੀ ਵਾਲੇ ਨੂੰ ਵੀ ਦਿੱਤਾ ਜੋ ਧੁੱਪ ਤੋਂ ਬਚਣ ਵਾਲੀ ਵੱਡੀ ਛਤੱਰੀ ਲਈ ਖੜਾ ਸੀ । ਆਪ ਨੇ ਦੋਹਾਂ ਤੋਂ ਉਸੇ ਅੰਦਾਜ਼ ਵਿੱਚ ਵਾਰੀ ਵਾਰੀ ਪੁੱਛਿਆ ਕਿ ਆਪ ਥੱਕ ਤਾਂ ਨਹੀਂ ਗਏ, ਆਪ ਨੂੰ ਪਿਆਸ ਤਾਂ ਨਹੀਂ ਲੱਗੀ । ਅਰਥਾਤ ਗ਼ਰੀਬ ਤੇ ਅਮੀਰ ਦੋਹਾਂ ਦਾ ਖ਼ਿਆਲ ਰੱਖਿਆ ।

ਮਲਕ ਮੁਜ਼ਫ਼ੱਰ ਸਾਹਿਬ ਕਹਿੰਦੇ ਹਨ । ਸਿਆਸੀ ਪ੍ਰਭਾਵ ਦਾ ਇਸ ਪ੍ਰਕਾਰ ਗਿਆਨ ਹੋਇਆ ਕਿ ਮੈਂ ਅਕਰਾ ਤੋਂ ਟੀਮਾ (ਇਹ ਦੋ ਸ਼ਹਿਰ ਹਨ) ਜਾ ਰਿਹਾ ਸੀ ਮਾਰਗ ਵਿੱਚ ਬੈਰੀਅਰ ਸੀ, ਓਥੇ ਅਖ਼ਬਾਰ ਵਿੱਕ ਰਿਹਾ ਸੀ । ਅਖ਼ਬਾਰ ਦੇ ਪਹਿਲੇ ਪੰਨ੍ਹੇ ਉਪੱਰ ਵਹਾਬ ਸਾਹਬ ਦੀ ਫ਼ੋਟੋ ਨਜ਼ਰ ਆਈ ਤੇ ਮੈਂ ਸਥਾਨਕ ਮੁਬਲੱਗ਼ ਰਾਹੀਂ ਪਤਾ ਲਵਾਇਆ ਤਾਂ ਉਹਨਾਂ ਨੇ ਦੱਸਿਆ ਕਿ ਅਜੇ ਕੁਝ ਹਫ਼ਤੇ ਪਹਿਲਾਂ ਘਾਨਾ ਵਿੱਚ ਜਨਰਲ ਚੋਣਾਂ ਹੋਈਆਂ ਸਨ ਅਤੇ ਵਰਤਮਾਨ ਪਾਰਟੀ ਵਿਰੋਧੀ ਪਾਰਟੀ ਨਾਲੋਂ ਕੇਵਲ ਕੁਝ ਵੋਟਾਂ

ਦੇ ਅੰਤਰ ਨਾਲ ਚੋਣਾ ਜਿੱਤੇ ਸਨ ਜੋ ਹੁਕੂਮਤ ਮਨ੍ਹ ਨਹੀਂ ਰਹੀ । ਇਸ ਮੌਕੇ'ਤੇ ਬਹੁਤ ਹੰਗਾਮੇ ਤੇ ਝਗੜਿਆਂ ਦਾ ਖ਼ਤਰਾ ਸੀ । ਵਹਾਬ ਸਾਹਬ ਨੇ ਦੋਹਾਂ ਪਾਰਟੀਆਂ ਦੇ ਲੋਕਾਂ ਨਾਲ ਮਿਲ ਕੇ ਸ਼ਾਂਤੀ ਭਰਪੂਰ ਰਾਜ ਲਈ ਜੋ ਜਤਨ ਕੀਤੇ ਹਨ, ਇਹ ਖ਼ਬਰ ਉਸੇ ਲਈ ਹੈ ਅਤੇ ਕੌਮ ਇਸ ਦੀ ਸਰਾਹਨਾ ਕਰ ਰਹੀ ਹੈ ।

ਜੱਦ ਮੈਂ ਘਾਨਾ ਵਿੱਚ ਹੀ ਸੀ ਤਾਂ ਮੈਂਨੂੰ ਕਈ ਵਾਰ ਵੱਡੇ ਦੁੱਖ ਨਾਲ ਬਿਆਨ ਕੀਤਾ ਕਿ ਮੁਰੱਬੀਆਨ (ਪ੍ਰਚਾਰਕ) ਜੋ ਹਨ ਬਹੁਤ ਮਿਹਨਤ ਕਰਦੇ ਹਨ ਪਰ ਕੁਝ ਐਜਿਹੇ ਵੀ ਹਨ ਜੋ ਉਕੱਾ ਹੀ ਕੰਮ ਨਹੀਂ ਕਰਦੇ ਅਤੇ ਜਵਾਬ ਦੇ ਦਿੰਦੇ ਹਨ ਕਿ ਇਸ ਤੋਂ ਵੱਧ ਕੰਮ ਨਹੀਂ ਹੋ ਸਕਦਾ । ਜੱਦ ਕਿ ਪ੍ਰਚਾਰ ਲਈ ਨਵੇਂ ਨਵੇਂ ਮਾਰਗ ਖੋਲਣੇ ਚਾਹੀਦੇ ਹਨ ਅਤੇ ਸਾਨੂੰ ਸੰਦੇਸ਼ ਪਹੁੰਚਾਉਂਣਾ ਚਾਹੀਦਾ ਹੈ ਅਤੇ ਇਹ ਉਹਨਾ ਦੀ ਸੌ ਫ਼ੀ ਸੱਦ ਸਹੀ ਗੱਲ ਸੀ । ਕਈ ਕੇਵਲ ਇਹੋ ਸਮਝਦੇ ਹਨ ਕਿ ਜੋ ਤਰੀਕਾ ਇਕ ਵਾਰ ਚਲ ਪਿਆ ਬਸ ਉਸੇ'ਤੇ ਚਲਦੇ ਰਹੋ ਅਤੇ ਲਕੀਰ ਦੇ ਫਕੀਰ ਬਣੇ ਰਹੋ, ਨਵੇਂ ਸਵੇਂ ਮਾਰਗ ਨ ਕੱਢੋ । ਹਾਂ, ਵਹਾਬ ਸਾਹਬ ਦਾ ਇਹ ਜਤਨ ਹੁੰਦਾ ਸੀ ਕਿ ਹਰ ਥਾਂ ਅਹਮਦੀਅਤ ਦਾ ਸੰਦੇਸ਼ ਪਹੁੰਚੇ, ਅਸਲ ਇਸਲਾਮ ਦਾ ਸੰਦੇਸ਼ ਪਹੁੰਚੇ ਅਤੇ ਇਸ ਕੰਮ ਲਈ ਆਪ ਖ਼ੁੱਦ ਵੀ ਜਤਨ ਕਰਦੇ ਰਹਿੰਦੇ ਸਨ । ਉਹਨਾਂ ਦੀ ਤਦਫ਼ੀਨ ਬਹੁਤ ਵੱਡੇ ਸਰਕਾਰੀ ਸਨਮਾਨ ਨਾਲ ਹੋਈ ਦੇਸ਼ ਦੇ ਪ੍ਰਧਾਨ ਮੰਤਰੀ ਨੇ ਓਥੇ ਆਪਣੇ ਸਟੇਟ ਹਾਉਸ ਵਿੱਚ ਉਹਨਾਂ ਦਾ ਜਨਾਜ਼ਹ ਮੰਗਵਾਇਆ ਓਥੇ ਹੀ ਨਮਾਜ਼ ਜਨਾਜ਼ਹ ਪੜ੍ਹਾਈ, ਪੂਰਾ ਸਰਕਾਰੀ ਪ੍ਰੋਟੋਕੋਲ ਦਿੱਤਾ ਗਿਆ । ਜਨਾਜ਼ਹ ਲੈ ਜਾਣ ਲਈ ਸਰਕਾਰੀ ਪਧੱਰ'ਤੇ ਪੁਲਿਸ, ਆਰਮੀ ਅਤੇ ਪੈਰਾ ਮਿਲਟਰੀ ਫੋਰਸਜ਼ ਦੀਆਂ ਗੱਡੀਆਂ ਰਾਹੀਂ ਪੂਰਾ ਸਨਮਾਨ ਦਿੱਤਾ ਗਿਆ । ਫਿਰ ਓਥੇ ਪੂਰੀ ਕਾਰਵਾਈ ਹੋਈ ਅਤੇ ਸਟੇਟ ਹਾਉਸ ਵਿੱਚ ਵੱਖ ਵੱਖ ਮੰਤਰੀਆਂ ਨੇ, ਪ੍ਰਧਾਨ ਮੰਤਰੀ ਨੇ, ਵਾਇਸ ਪ੍ਰਧਾਨ ਮੰਤਰੀ ਨੇ ਉਹਨਾਂ ਬਾਰੇ ਆਪਣੇ ਵਿਚਾਰ ਪ੍ਰਕਟ ਕੀਤੇ । ਦੇਸ਼ ਦੇ ਪ੍ਰਧਾਨ ਮੰਤਰੀ ਦੇ ਨੁਮਾਇੰਦੇ ਨੇ ਜੋ ਸਪੀਕਰ ਆਫ਼ ਪਾਰਲੀਮੈਂਟ ਸਨ, ਪੂਰੇ ਸਨਮਾਨ ਨਾਲ ਉਹਨਾਂ ਨੂੰ ਪੂਰਾ ਪ੍ਰੋਟੋਕੋਲ ਦਿੱਤਾ ਗਿਆ । ਇਸੇ ਪ੍ਰਕਾਰ ਓਥੋਂ ਦੇ ਜੋ ਧਾਰਮਕ ਰਹਿਨੁਮਾ ਸਨ ਈਸਾਈਆਂ ਆਦਿ ਨੇ ਵੀ ਉਹਨਾਂ ਦੇ ਹੱਕ ਵਿੱਚ ਬਹੁਤ ਕੁਝ ਕਿਹਾ । ਸਾਡੇ ਮਿਸ਼ਨਰੀ ਜਾਮਿਆ ਅਹਮਦੀਆ ਘਾਨਾ ਦੇ ਪ੍ਰਿੰਸੀਪਲ, ਸ਼੍ਰੀ ਫ਼ਰੀਦ ਸਾਹਬ ਨੇ ਜੀਵਨ ਅਤੇ ਮੌਤ ਬਾਰੇ ਇਸਲਾਮ ਦਾ ਜੋ ਕੁਰਆਨ ਕਰੀਮ, ਹਦੀਸ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਥਨਾ ਰਾਹੀਂ ਫ਼ਲਸਫ਼ਾ ਤੇ ਦ੍ਰਿਸ਼ਟੀਕੋਣ ਹੈ ਉਹ ਵਰਨਣ ਕੀਤਾ ।

ਕਰਿਣ ਦੀ ਗੱਲ ਇਹ ਕਿ ਪੂਰੇ ਸਨਮਾਨ ਨਾਲ ਅਲੱਾਹ ਦੀ ਅਤਿਅੰਤ ਮਿਹਰ ਨਾਲ ਓਥੇ ਲੈ ਜਾਇਆ ਗਿਆ ਅਤੇ ਘਾਨਾ ਵਿੱਚ ਮੂਸੀਆਨ ਦੇ ਮਕਬਰੇ ਵਿੱਚ ਦਫ਼ਨ ਕੀਤਾ ਗਿਆ ਅਤੇ ਮੀਡੀਆ ਨੇ ਵੀ ਵਾਹਵਾ ਕਵਰੈਜ ਕੀਤੀ । ਘਾਨਾ ਟੇਲੀਵੀਜ਼ਨ ਨੇ ਪੂਰੀ ਕਵਰੈਜ ਦਿੱਤੀ ਅਤੇ ਸਟਰੀਮਿੰਗ'ਤੇ ਦੁਨੀਆ ਵਿੱਚ ਦਿਖਾਈ ਗਈ । ਇਹਨਾ ਦੇ ਪਿਛੋਕੜ ਵਿੱਚ ਇਹਨਾਂ ਦੀ ਪਤਨੀ ਮਰੀਯਮ ਵਹਾਬ ਸਾਹਿਬਾ ਅਤੇ ਚਾਰ ਪੁਤੱਰ ਤੇ ਤਿੰਨ ਪੁਤੱਰੀਆਂ ਹਨ । ਅਲੱਾਹ ਇਹਨਾਂ ਸਾਰਿਆਂ ਨੂੰ ਆਪਣੀ ਰੱਖਿਆ ਤੇ ਅਮਾਨ ਵਿੱਚ ਰੱਖੇ ਅਤੇ ਖ਼ਿਲਾਫ਼ਤ ਤੇ ਜਮਾਤ ਨਾਲ ਉਹੋ ਜਿਹਾ ਹੀ ਪੱਕਾ ਸੰਬੰਧ ਰੱਖਣ ਜਿਹਾ ਕਿ ਉਹਨਾਂ ਦਾ ਆਪਣਾ ਸੀ ਅਤੇ ਇਹ ਉਹ ਆਪਣੇ ਬੱਚਿਆਂ ਤੇ ਪਤਨੀ ਲਈ ਚਾਹੁੰਦੇ ਸਨ । ਅਲੱਾਹ ਤਆਲਾ ਸਬਰ ਤੇ ਹੌਸਲਾ ਵੀ ਪ੍ਰਦਾਨ ਕਰੇ ਅਤੇ ਵਹਾਬ ਸਾਹਬ ਦੇ ਸਵਰਗਾਂ ਵਿੱਚ ਦਰਜੇ ਬੁਲੰਦ ਕਰੇ ਅਤੇ ਆਪਣੇ ਪਿਆਰਿਆਂ ਦੇ ਨਿਕਟ ਉਹਨਾ ਨੂੰ ਅਸਥਾਨ ਪ੍ਰਦਾਨ ਕਰੇ । ਨਮਾਜ਼ ਦੇ ਬਾਦ ਇੰਸ਼ਾਅਲੱਾਹ ਉਹਨਾਂ ਦਾ ਨਮਾਜ਼ ਜ਼ਨਾਜ਼ਹ ਗ਼ਾਇਬ ਵੀ ਪੜ੍ਹਾਂਗਾ ।

★★★★ ਖ਼ੁਤਬਾ ਸਾਨੀਆ ★★★★★★